# ਸਾਂਝੀ ਪ੍ਰੈੱਸ ਰਿਲੀਜ਼: ਅੱਤਵਾਦ ਵਿਰੋਧ ਦੇ ਵਿਸ਼ੇ 'ਤੇ, ਭਾਰਤ-ਯੂਰਪੀ ਸੰਘ (EU) ਸੰਯੁਕਤ ਕਾਰਜ ਸਮੂਹ ਦੀ 14ਵੀਂ ਬੈਠਕ

ਮਈ 09, 2024

ਯੂਰਪੀ ਸੰਘ ਅਤੇ ਭਾਰਤ ਨੇ, 07 ਮਈ, 2024 ਨੂੰ, ਨਵੀਂ ਦਿੱਲੀ ਵਿੱਚ, ਅੱਤਵਾਦ ਵਿਰੋਧ ਦੇ ਵਿਸ਼ੇ 'ਤੇ, ਆਪਣੀ 14ਵੀਂ ਵਾਰਤਾ ਕੀਤੀ।

2. ਇਹ ਵਾਰਤਾ ਯੂਰਪੀ ਸੰਘ-ਭਾਰਤ ਦੀ ਰਣਨੀਤਕ ਸਾਂਝੇਦਾਰੀ ਦੇ ਇਸ ਮਹੱਤਵਪੂਰਨ ਤੱਤ 'ਤੇ ਸਹਿਯੋਗ ਨੂੰ ਜਾਰੀ ਰੱਖਣ ਅਤੇ ਹੋਰ ਵਧਾਉਣ ਦਾ ਇੱਕ ਮੌਕਾ ਸੀ। ਯੂਰਪੀ ਸੰਘ ਅਤੇ ਭਾਰਤ ਨੇ ਅੱਤਵਾਦ ਦੇ ਸਾਰੇ ਰੂਪਾਂ ਅਤੇ ਪ੍ਰਗਟਾਵਿਆਂ ਦੀ ਕੜੇ ਤੌਰ 'ਤੇ ਨਿੰਦਾ ਕੀਤੀ ਅਤੇ ਅੱਤਵਾਦ ਵਿਰੋਧੀ ਚੁਣੌਤੀਆਂ ਨਾਲ ਨਜਿੱਠਣ ਦੇ ਵਾਸਤੇ ਅੰਤਰਰਾਸ਼ਟਰੀ ਸਹਿਯੋਗ ਨੂੰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਸੰਦਰਭ ਵਿੱਚ, ਉਹ ਇਸ ਗੱਲ 'ਤੇ ਸਹਿਮਤ ਹੋਏ ਕਿ ਸੰਯੁਕਤ ਰਾਸ਼ਟਰ ਅਤੇ ਗਲੋਬਲ ਕਾਊਂਟਰ ਟੈਰੋਰਿਜ਼ਮ ਫੋਰਮ (GCFT) ਵਰਗੇ ਬਹੁਪੱਖੀ ਮੰਚਾਂ ਵਿੱਚ ਸਹਿਯੋਗ ਜਰੂਰੀ ਹੈ।

3. ਇਸ ਬੈਠਕ ਨੇ ਖੇਤਰੀ ਖਤਰੇ ਦੇ ਮੁਲਾਂਕਣਾਂ, ਪ੍ਰਮੁੱਖ ਅੱਤਵਾਦ-ਵਿਰੋਧੀ ਨੀਤੀ ਵਿਕਾਸ, ਜਿਸ ਵਿੱਚ ਰਾਜ ਪ੍ਰਾਯੋਜਿਤ ਅਤੇ ਕਰਾਸ-ਬਾਰਡਰ ਅੱਤਵਾਦ, ਅੱਤਵਾਦ ਨੂੰ ਵਿੱਤ ਪੋਸ਼ਣ ਮਿਲਣ ਤੋਂ ਰੋਕਣਾ, ਔਨਲਾਈਨ ਕੱਟੜਵਾਦ ਨੂੰ ਰੋਕਣਾ ਅਤੇ ਨਵੀਂਆਂ ਅਤੇ ਵਿਘਟਨਕਾਰੀ ਟੈਕਨੋਲੋਜੀਆਂ ਦੇ ਪ੍ਰਭਾਵ, ਜਿਸ ਵਿੱਚ ਖਤਰੇ ਲਈ ਉਨ੍ਹਾਂ ਦੇ ਨਤੀਜੇ ਅਤੇ ਅੱਤਵਾਦ ਦਾ ਮੁਕਾਬਲਾ ਕਰਨ ਵਿੱਚ ਉਨ੍ਹਾਂ ਦੀ ਵਰਤੋਂ ਸ਼ਾਮਲ ਹੈ, ਬਾਰੇ ਡੂੰਘਾਈ ਨਾਲ ਵਿਚਾਰ ਸਾਂਝੇ ਕਾਰਨ ਦਾ ਅਵਸਰ ਪ੍ਰਦਾਨ ਕੀਤਾ।

4. ਯੂਰਪੀ ਸੰਘ ਅਤੇ ਭਾਰਤ ਨੇ ਭਾਰਤੀ ਅਤੇ ਯੂਰਪੀ ਕਾਨੂੰਨ ਲਾਗੂ ਕਰਨ ਵਾਲਿਆਂ ਅਥਾਰਟੀਆਂ ਦੇ ਦਰਮਿਆਨ ਸੰਬੰਧਾਂ ਨੂੰ ਡੂੰਘਾ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ। ਇਸ ਸੰਦਰਭ ਵਿੱਚ, ਉਨ੍ਹਾਂ ਨੇ ਯੂਰੋਪੋਲ ਅਤੇ ਭਾਰਤੀ ਕੇਂਦਰੀ ਜਾਂਚ ਬਿਊਰੋ (CBI) ਦੇ ਦਰਮਿਆਨ ਕਾਰਜ ਪ੍ਰਬੰਧ 'ਤੇ ਹਸਤਾਖਰ ਕਰਨ ਦਾ ਸੁਆਗਤ ਕੀਤਾ।

5. ਉਨ੍ਹਾਂ ਨੇ ਸੂਚਨਾ ਦੇ ਅਦਾਨ-ਪ੍ਰਦਾਨ, ਸਮਰੱਥਾ ਨਿਰਮਾਣ, ਕਾਨੂੰਨੀ ਦ੍ਰਿੜ੍ਹੀਕਰਨ ਨੂੰ ਮਜਬੂਤੀ ਦੇਣ ਅਤੇ ਨਿਆਂਇਕ ਸਾਂਝੇਦਾਰੀ ਨੂੰ ਮਜ਼ਬੂਤ ਕਰਕੇ ਅੱਤਵਾਦ ਵਿਰੋਧੀ ਸਹਿਯੋਗ ਨੂੰ ਮਜ਼ਬੂਤ ਕਰਨ ਦੇ ਮਹੱਤਵ 'ਤੇ ਜ਼ੋਰ ਦਿੱਤਾ।

6. ਵਾਰਤਾ ਦੀ ਸਹਿ-ਪ੍ਰਧਾਨਗੀ ਯੂਰਪੀ ਵਿਦੇਸ਼ ਕਾਰਵਾਈ ਸੇਵਾ ਵਿੱਚ ਸੁਰੱਖਿਆ ਅਤੇ ਰੱਖਿਆ ਨੀਤੀ ਦੇ ਡਾਇਰੈਕਟਰ ਜੋਆਨਕੇ ਬਾਲਫੋਰਟ ਅਤੇ ਭਾਰਤ ਦੇ ਵਿਦੇਸ਼ ਮੰਤਰਾਲੇ ਵਿੱਚ ਅੱਤਵਾਦ ਵਿਰੋਧੀ ਸੰਯੁਕਤ ਸਕੱਤਰ, ਰਾਜਦੂਤ ਕੇ.ਡੀ. ਦੇਵਾਲ, ਦੁਆਰਾ ਕੀਤੀ ਗਈ। ਨਿਕੋਲਸ ਨਿਹੋਨ, ਜੋ ਕੋਟਰ ਵਰਕਿੰਗ ਗਰੁੱਪ ਦੇ ਯੂਰਪੀਅਨ ਯੂਨੀਅਨ ਦੇ ਬੈਲਜੀਅਨ ਪ੍ਰੈਸੀਡੈਂਸੀ ਦੇ ਪ੍ਰਧਾਨ ਹਨ, ਨੇ ਵੀ ਵਾਰਤਾ ਵਿੱਚ ਹਿੱਸਾ ਲਿਆ।

7. ਯੂਰਪੀ ਸੰਘ ਅਤੇ ਭਾਰਤ ਨੇ ਬ੍ਰਸੇਲਜ਼ ਵਿੱਚ CT 'ਤੇ JWG ਦਾ ਅਗਲਾ ਦੌਰ ਆਯੋਜਿਤ ਕਰਨ ਲਈ ਸਹਿਮਤੀ ਪ੍ਰਗਟ ਕੀਤੀ।

**ਨਵੀਂ ਦਿੱਲੀ**
**ਮਈ 09, 2024**